ਸਾਡੀ ਗਿਣਤੀ ਕਰੋ 2020

ਗਿਣੇ ਜਾਣ ਵਿਚ ਸ਼ਕਤੀ ਹੈ

ASIAN AMERICANS ADVANCING JUSTICE

COUNTUSIN2020.ORG

# 2020 ਦੀ ਜਨਗਣਨਾ ਵਿਚ ਆਪਣੇ ਮਿੱਤਰਾਂ ਅਤੇ ਪਰਿਵਾਰ ਨੂੰ ਸ਼ਾਮਲ ਕਰਨਾ

***ਸਵਾਲ? ਅੰਗ੍ਰੇਜ਼ੀ ਅਤੇ ਹੋਰ ਭਾਸ਼ਾਵਾਂ ਵਿੱਚ ਸਹਾਇਤਾ ਲਈ ਸਾਡੀ ਮਰਦਮਸ਼ੁਮਾਰੀ ਦੀ ਹਾਟਲਾਈਨ ਨੂੰ 844-2020-API ਤੇ ਕਾਲ ਕਰੋ। ਵਧੇਰੇ ਜਾਣਕਾਰੀ ਲਈ www.CountUsIn2020.org/hotline ਤੇ ਜਾਓ।***

ਜਨਗਣਨਾ ਮਾਰਚ 2020 ਤੋਂ ਸ਼ੁਰੂ ਹੋਵੇਗੀ। **ਸਰੋਤਾਂ ਅਤੇ ਪ੍ਰਤੀਨਿਧਤਾ ਦਾ ਸਹੀ ਹਿੱਸਾ ਪ੍ਰਾਪਤ ਕਰਨ ਲਈ ਇਹ ਯਕੀਨੀ ਕਰੋ ਕਿ ਤੁਹਾਡੀ ਅਤੇ ਤੁਹਾਡੀ ਭਾਈਚਾਰੇ ਦੀ ਗਿਣਤੀ ਕੀਤੀ ਗਈ ਹੈ!**

ਹਰ 10 ਸਾਲਾਂ ਬਾਅਦ, ਯੂ.ਐਸ ਸਰਕਾਰ ਯੂ.ਐਸ ਵਿੱਚ ਰਹਿੰਦੇ ਹਰੇਕ ਵਿਅਕਤੀ ਦੀ ਗਿਣਤੀ ਕਰਦੀ ਹੈ, ਜਨਗਣਨਾ ਪ੍ਰਸ਼ਨਾਵਲੀ ਛੋਟੀ ਹੈ, ਅਤੇ ਤੁਹਾਡੇ ਨਿੱਜੀ ਜਵਾਬ ਗੁਪਤ ਹਨ।

**ਤੁਸੀਂ ਆਪਣੇ ਭਾਈਚਾਰੇ, ਦੋਸਤਾਂ ਅਤੇ ਪਰਿਵਾਰ ਲਈ ਸਭ ਤੋਂ ਵਧੀਆ, ਸਭ ਤੋਂ ਭਰੋਸੇਮੰਦ ਸੱਦਾ ਦੇਣ ਵਾਲੇ ਹੋ।** ਜਨਗਣਨਾ ਬਾਰੇ ਆਪਣੇ ਦੋਸਤਾਂ ਅਤੇ ਪਰਿਵਾਰ ਨਾਲ ਗੱਲ ਕਰਕੇ ਆਪਣੀ ਕਮਿਊਨਟੀ ਦੀ ਸਹਾਇਤਾ ਕਰੋ:

## ਜਨਗਣਨਾ ਮੇਰੇ ਲਈ ਮਹੱਤਵਪੂਰਨ ਹੈ ਕਿਉਂਕਿ...

- ਜਨਗਣਨਾ ਦੀ ਗਿਣਤੀ ਇਹ ਨਿਰਧਾਰਤ ਕਰਨ ਵਿੱਚ ਸਹਾਇਤਾ ਕਰਦੀ ਹੈ ਕਿ ਸਕੂਲ, ਹਸਪਤਾਲਾਂ ਅਤੇ ਹਾਈਵੇ ਵਰਗੀਆਂ ਸੇਵਾਵਾਂ ਲਈ ਕਿੰਨਾ ਪੈਸਾ ਜਾਂਦਾ ਹੈ - ਜਿੰਨੇ ਵਧ ਲੋਕ ਸਾਡੇ ਭਾਈਚਾਰੇ ਵਿੱਚ ਗਿਣੇ ਜਾਂਦੇ ਹਨ, ਓਨਾ ਹੀ ਵਧ ਫੰਡ ਸਾਨੂੰ ਪ੍ਰਾਪਤ ਹੁੰਦਾ ਹੈ।
- ਜਨਗਣਨਾ ਦੇ ਨਤੀਜੇ ਰਾਜਨੀਤਿਕ ਪ੍ਰਤੀਨਿਧਤਾ ਨਿਰਧਾਰਤ ਕਰਦੇ ਹਨ, ਜਿਸ ਵਿੱਚ ਸ਼ਾਮਲ ਹੈ ਕਿ ਸਾਡੇ ਸਟੇਟ ਵਿੱਚ ਕਾਂਗਰਸ ਦੀਆਂ ਕਿੰਨੀਆਂ ਸੀਟਾਂ ਪ੍ਰਾਪਤ ਹੋਣਗੀਆਂ ਅਤੇ ਸਟੇਟ ਅਤੇ ਲੋਕਲ ਸਰਕਾਰਾਂ ਲਈ ਜ਼ਿਲ੍ਹੇ ਕਿਵੇਂ ਬਣਾਏ ਜਾਣਗੇ।
- ਸਰਕਾਰ, ਕਾਰੋਬਾਰ ਅਤੇ ਕਮਿਊਨਟੀ ਸੰਸਥਾਵਾਂ ਸਾਡੀ ਕਮਿਊਨਟੀ ਨੂੰ ਪੈਸੇ, ਸਾਧਨ ਅਤੇ ਸੇਵਾਵਾਂ ਨਿਰਧਾਰਤ ਕਰਨ ਲਈ ਅਤੇ ਇਹ ਫੈਸਲਾ ਕਰਨ ਲਈ ਕਿ ਕਿੱਥੇ ਇਨਵੈਸਟ ਕਰਨਾ ਹੈ ਜਨਗਣਨਾ ਡੇਟਾ ਦੀ ਵਰਤੋਂ ਕਰਦੇ ਹਨ।

## ਜਨਗਣਨਾ ਵਿਚ ਹਿੱਸਾ ਲੈਣਾ ਸੁਰੱਖਿਅਤ ਹੈ।

- ਸਾਡੀ ਜਨਗਣਨਾ ਦੇ ਜਵਾਬ ਗੁਪਤ ਹਨ । ਕਾਨੂੰਨ ਅਨੁਸਾਰ, ਜਨਗਣਨਾ ਵਿਭਾਗ ਸਾਡੇ ਜਵਾਬ ਫੈਡਰਲ, ਸਟੇਟ, ਅਤੇ ਲੋਕਲ ਸਰਕਾਰਾਂ ਦੀਆਂ ਏਜੰਸੀਆਂ ਜਾਂ ਇਮੀਗ੍ਰੇਸ਼ਨ ਲਾਗੂ ਕਰਨ ਸਮੇਤ, ਕਿਸੇ ਨਾਲ ਵੀ ਸਾਂਝਾ ਨਹੀਂ ਕਰ ਸਕਦਾ।

## ਜਨਗਣਨਾ ਵਿਚ ਹਿੱਸਾ ਲੈਣਾ ਸਰਲ ਹੈ।

- 1 ਅਪ੍ਰੈਲ, 2020 ਨੂੰ ਘਰ ਵਿਚ ਰਹਿਣ ਵਾਲੇ ਹਰੇਕ ਵਿਅਕਤੀ ਨੂੰ ਗਿਣਨਾ ਸੁਨਿਸ਼ਚਿਤ ਕਰੋ, ਆਪਣੇ ਨਾਲ ਉਨ੍ਹਾਂ ਦੇ ਰਿਸ਼ਤੇ ਦੀ ਪਰਵਾਹ ਕੀਤੇ ਬਿਨਾ। ਇਸ ਵਿੱਚ ਬੱਚੇ, ਛੋਟੇ ਬੱਚੇ, ਰਿਸ਼ਤੇਦਾਰ, ਰੂਮਮੇਟ ਅਤੇ ਦੋਸਤ ਸ਼ਾਮਲ ਹਨ। ਜਨਗਣਨਾ ਵਿਚ ਸਾਰੇ ਲੋਕ ਗਿਣੇ ਜਾਂਦੇ ਹਨ।

- ਜ਼ਿਆਦਾਤਰ ਲੋਕਾਂ ਨੂੰ ਮਾਰਚ 2020 ਦੇ ਅੱਧ ਵਿੱਚ  ਜਨਗਣਨਾ ਜਾਣਕਾਰੀ ਨੂੰ ਔਨਲਾਈਨ ਭਰਨ ਲਈ ਇੱਕ  ਸੱਦਾ ਪ੍ਰਾਪਤ ਹੋਏਗਾ। ਤੁਸੀਂ ਫ਼ੋਨ ਦੁਆਰਾ ਆਪਣਾ ਜਵਾਬ ਦੇਣ ਲਈ ਜਨਗਣਨਾ ਵਿਭਾਗ ਨੂੰ ਵੀ ਕਾਲ ਕਰ ਸਕਦੇ ਹੋ। ਜੇ ਤੁਸੀਂ ਔਨਲਾਈਨ ਜਾਂ ਫੋਨ ਦੁਆਰਾ ਜਵਾਬ ਨਹੀਂ ਦਿੰਦੇ, ਜਨਗਣਨਾ ਵਿਭਾਗ ਤੁਹਾਨੂੰ ਮੇਲ ਵਿੱਚ ਇੱਕ ਫਾਰਮ ਭੇਜੇਗਾ।
- ਜੇ ਤੁਸੀਂ ਜਨਗਣਨਾ ਦਾ ਜਵਾਬ ਨਹੀਂ ਦਿੰਦੇ, ਤਾਂ ਜਨਗਣਨਾ ਵਿਭਾਗ ਇਕ ਵਿਅਕਤੀਗਤ ਤੌਰ ਤੇ ਤੁਹਾਡੀ ਜਾਣਕਾਰੀ ਇਕੱਠੀ ਕਰਨ ਲਈ ਜਨਗਣਨਾ ਜਾਣਕਾਰੀ ਲੈਣ ਵਾਲੇ ਨੂੰ ਤੁਹਾਡੇ ਘਰ ਭੇਜ ਸਕਦੀ ਹੈ। - ਇਸ ਲਈ ਜੇ ਤੁਸੀਂ ਜਨਗਣਨਾ ਜਾਣਕਾਰੀ ਲੈਣ ਵਾਲੇ ਨੂੰ ਨਹੀਂ ਮਿਲਣਾ ਚਾਹੁੰਦੇ, ਤਾਂ ਜਿੰਨੀ ਜਲਦੀ ਹੋ ਸਕੇ ਜਨਗਣਨਾ ਦਾ ਜਵਾਬ ਦਿਓ!

ਕਿਰਪਾ ਕਰਕੇ ਇਹ ਗੱਲ ਫੈਲਾਉਣ ਵਿੱਚ ਸਾਡੀ ਸਹਾਇਤਾ ਕਰੋ ਕਿ 2020 ਦੀ ਜਨਗਣਨਾ ਵਿੱਚ ਸਾਡੀ ਗਿਣਤੀ ਸੁਨਿਸ਼ਚਿਤ ਕਰਨਾ ਸਾਡੇ ਸਾਰਿਆਂ ਲਈ ਕਿੰਨਾ ਮਹੱਤਵਪੂਰਣ ਹੈ!

*ਤੁਸੀਂ www.CountUsIn2020.org/resources 'ਤੇ ਜਨਗਿਣਤੀ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।*